9

# ਖ਼ੁਦਾ ਨੇ ਮਰੀਅਮ ਨੂੰ ਹੀ ਕਿਉਂ ਚੁਣਿਆ

## ਲੂਕਾ 1 ਅਤੇ 2, ਇਕ ਨੇੜ ਝਾਤ

''ਪਤਵੰਤ ਇਸਤਰੀ'' ਵਾਲੇ ਹਵਾਲੇ ਵਿਚ ਇਹ ਟਿੱਪਣੀ ਕੀਤੀ ਗਈ ਹੈ, ''ਉਹ ਦੇ ਬੱਚੇ ਉੱਠ ਕੇ ਉਹਨੂੰ ਧੰਨ ਧੰਨ ਆਖਦੇ ਹਨ'' (ਕਹਾਉਤਾਂ 31:28)। KJV ਵਿਚ ਇਸ ਵਿਚਾਰ ਨੂੰ ਇਵੇਂ ਵਿਖਾਇਆ ਗਿਆ ਹੈ: ''ਉਸ ਦੇ ਬੱਚੇ ਉੱਠ ਕੇ ਉਸ ਨੂੰ ਮੁਬਾਰਕ ਆਖਦੇ ਹਨ।''

ਮਾਂ ਨੂੰ ਖ਼ਾਸ ਦਰਜਾ ਹਾਸਲ ਹੈ। ਇਕ ਕੌਮਿਕ ਵਿਚ ਚਾਰਲੀ ਬ੍ਰਾਉਨ ਨੇ ਕਿਹਾ, ''ਹਰ ਕਿਸੇ ਨੂੰ ਕਿਸੇ ਦੇ ਲਾਡ ਦੀ, ਕਿਸੇ ਦੇ ਭਰੋਸੇ ਦੀ, ਕਿਸੇ ਦੀ ਦੇਖਭਾਲ ਦੀ, ਕਿਸੇ ਦੀ ਹਮਾਇਤ ਦੀ, ਕਿਸੇ ਨਾਲ ਹੱਸਣ ਦੀ ਜਾਂ ਕਿਸੇ ਨਾਲ ਰੋਣ ਦੀ ਲੋੜ ਹੁੰਦੀ ਹੈ।'' ਲੂਸੀ ਨੇ ਜਵਾਬ ਦਿੱਤਾ, ''ਇਸ ਵਿਚ ਤਾਂ ਬਹੁਤ ਸਾਰੇ ਲੋਕ ਹਨ।'' ਫਿਰ ਸਨੂਪੀ[1] ਨੇ ਆਖਿਆ, ''ਜਾਂ *ਇਕ* ਜ਼ਬਰਦਸਤ ਮਾਂ।'' ਉਨ੍ਹਾਂ ਸਭ ਵਿਚ ਜੋ ਮੇਰੇ ਤੇ ਵਿਸ਼ਵਾਸ ਰੱਖਦੇ ਹੋਣ ਅਤੇ ਮੇਰੀ ਹਮਾਇਤ ਕਰਦੇ ਹੋਣ, ਮੇਰੀ ਆਪਣੀ ਮਾਂ ਅਤੇ ਮੇਰੀਆਂ ਤਿੰਨ ਬੇਟੀਆਂ ਦੀ ਮਾਂ ਹੀ ਹਨ। ਸਾਡੇ ਵਿੱਚੋਂ ਬਹੁਤੇ ਲੋਕ ਉੱਠ ਕੇ ਆਪਣੀ ਮਾਂ ਨੂੰ ਧੰਨ ਆਖ ਸਕਦੇ ਹਨ।

ਲੂਕਾ 1 ਅਧਿਆਇ ਵਿਚ ਸਾਨੂੰ ਕਿਸੇ ਹੋਰ ਦੀ ਮਾਂ ਨੂੰ ਧੰਨ ਆਖਣ ਲਈ ਪ੍ਰੇਰਿਆ ਗਿਆ ਹੈ। ਆਇਤ 42 ਵਿਚ ਇਲੀਸਬਤ ਨੇ ਹੋਣ ਵਾਲੀ ਇਕ ਮਾਂ ਨੂੰ ਕਿਹਾ ਸੀ, ''ਤੂੰ ਔਰਤਾਂ ਵਿੱਚੋਂ ਧੰਨ ਹੈਂ।'' ਇਹ ਇਕ ਇਬਰਾਨੀ ਅਖਾਣ ਸੀ, ਜਿਸਦਾ ਮਤਲਬ ਹੈ, ''ਤੂੰ ਔਰਤਾਂ ਵਿੱਚੋਂ ਸਭ ਤੋਂ ਮੁਬਾਰਕ ਹੈਂ।'' ਆਇਤ 48 ਵਿਚ ਉਸ ਦਾ ਜਵਾਬ ਸੀ, ''ਵੇਖੋ ਤਾਂ, ਏਦੋਂ ਅੱਗੇ ਸਾਰੀਆਂ ਪੀੜ੍ਹੀਆਂ ਮੈਨੂੰ ਧੰਨ ਆਖਣਗੀਆਂ।'' ਨਾ ਸਿਰਫ਼ ਉਹਦੇ ਬੱਚਿਆਂ ਨੇ ਉਸ ਨੂੰ ਮੁਬਾਰਕ ਆਖਣਾ ਸੀ, ਬਲਕਿ ਹੋਰ ਸਭ ਲੋਕਾਂ ਨੇ ਵੀ ਇਹ ਮੰਨਣਾ ਸੀ ਕਿ ਉਹ ਖ਼ੁਦਾ ਦੀ ਮੁਬਾਰਕ ਹੈ। ਇਸ ਆਇਤ ਵਿਚ ਯਿਸੂ ਦੀ ਮਾਤਾ ਮਰੀਅਮ ਦੀ ਗੱਲ ਹੈ।

ਹਰ ਮਾਂ ਧੰਨ ਹੈ, ਪਰ ਮਰੀਅਮ ਖ਼ਾਸ ਵਜ੍ਹਾ ਕਰਕੇ ਧੰਨ ਸੀ। ਉਸ ਸਮੇਂ ਦੀਆਂ ਸਭ ਯਹੂਦੀ ਔਰਤਾਂ ਵਿੱਚੋਂ ਖ਼ੁਦਾ ਨੇ ਆਪਣੇ ਪੁੱਤਰ ਦੀ ਮਾਤਾ ਹੋਣ ਲਈ ਉਸੇ ਨੂੰ ਹੀ ਚੁਣਿਆ। ਇਸ ਤੱਥ ਉੱਤੇ ਵਿਚਾਰ ਕਰਦਿਆਂ ਅਸੀਂ ਪੁੱਛਦੇ ਹਾਂ, ''ਕਿਉਂ? ਮਰੀਅਮ ਵਿਚ ਅਜਿਹੀ ਕਿਹੜੀ ਗੱਲ ਸੀ?''

ਖ਼ੁਦਾ ਆਪਣੇ ਪੁੱਤਰ ਦੀ ਮਾਂ ਦੇ ਰੂਪ ਵਿਚ ਮਰੀਅਮ ਨੂੰ ਚੁਣਨ ਲਈ ਕਿਸੇ ਵੀ ਤਰ੍ਹਾਂ ਮਜਬੂਰ ਨਹੀਂ ਸੀ। ਵਚਨ ਵਿਚ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਮਰੀਅਮ ਐਨੀ ਚੰਗੀ ਅਤੇ ਕਾਮਿਲ ਹੋਵੇ, ਕਿ ਖ਼ੁਦਾ ਲਈ ਉਸਨੂੰ ਚੁਣਨਾ ਲਾਜ਼ਮੀ ਹੁੰਦਾ। ਬਲਕਿ ਸਾਨੂੰ ਦੱਸਿਆ ਗਿਆ ਹੈ ਕਿ ਖ਼ੁਦਾ ਨੇ ਉਸਨੂੰ ਆਪਣੀ ਕਿਰਪਾ ਦੇ ਕਾਰਣ ਚੁਣਿਆ। ਫ਼ਰਿਸ਼ਤੇ ਨੇ ਮਰੀਅਮ ਨੂੰ ਸਲਾਮ ਇਨ੍ਹਾਂ ਸ਼ਬਦਾਂ ਨਾਲ ਦਿੱਤਾ, ''ਵਧਾਇਓਂ ਜਿਹ ਦੇ ਉੱਤੇ ਕਿਰਪਾ ਹੋਈ!'' (1:28)। ''ਕਿਰਪਾ'' ਯੂਨਾਨੀ ਸ਼ਬਦ ਤੋਂ ਅਨੁਵਾਦ ਕੀਤਾ ਗਿਆ ਹੈ ਜਿਸ ਨੂੰ ''ਅਣਕਮਾਈ ਕਿਰਪਾ'' ਕਿਹਾ ਗਿਆ ਹੈ। ਫਿਰ ਤਾਂ ਮਰੀਅਮ ਵਿਚ ਖ਼ੁਦਾ ਵੱਲੋਂ ਚੁਣੇ ਜਾਣ ਲਈ ਕੁਝ ਖਾਸ ਗੱਲਾਂ ਜ਼ਰੂਰ ਹਨ। ਇਸੇ ਕਰਕੇ ਅਸੀਂ ਪੁੱਛਦੇ ਹਾਂ, ''ਉਸ ਵਿਚ ਕੀ

ਖੂਬੀਆਂ ਸਨ?'' ਇਹ ਜਾਣਨ ਲਈ ਕਿ ''ਖ਼ੁਦਾ ਨੇ ਮਰੀਅਮ ਨੂੰ ਕਿਉਂ ਚੁਣਿਆ?'' ਅਸੀਂ ਇਸ ਪਾਠ ਵਿਚ ਉਸਦੀ ਜ਼ਿੰਦਗੀ ਦੀ ਸਮੀਖਿਆ ਕਰਾਂਗੇ।

ਪਹਿਲਾਂ ਲੂਕਾ 1:26 ਵੇਖੋ, ਇਸ ਆਇਤ ਦੀ ਸ਼ੁਰੂਆਤ ''ਛੇਵੇਂ ਮਹੀਨੇ ...'' ਵਾਕ ਨਾਲ ਹੁੰਦੀ ਹੈ। ਇਹ ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਮਾਤਾ ਇਲੀਸਬਤ ਦੇ ਗਰਭਵਤੀ ਹੋਣ ਦਾ ਛੇਵਾਂ ਮਹੀਨਾ ਸੀ। ''ਛੇਵੇਂ ਮਹੀਨੇ ਜਿਬਰਾਏਲ ਦੂਤ ਪਰਮੇਸ਼ੁਰ ਵੱਲੋਂ ਨਾਸਰਤ ਨਾਮੇ ਗਲੀਲ ਦੇ ਇਕ ਨਗਰ ਵਿਚ ਭੇਜਿਆ ਗਿਆ।'' ਨਾਸਰਤ ਲਬਾਨੋਨ ਦੀ ਪਰਬਤ ਮਾਲਾ ਦੀ ਇਕ ਦੱਖਣੀ ਢਲਾਨ ਤੇ ਗਲੀਲ ਦੀ ਝੀਲ ਦੇ ਪੱਛਮੀ ਕੰਢੇ ਤੋਂ ਪੰਦਰਾਂ ਮੀਲ ਪੱਛਮ ਵੱਲ ਨੂੰ ਅਤੇ ਭੂਮੱਧ ਤੋਂ ਬਾਈ ਮੀਲ ਦੂਰ ਇਕ ਛੋਟਾ ਜਿਹਾ ਪਿੰਡ ਸੀ।

ਫ਼ਰਿਸ਼ਤੇ ਨੂੰ ਉਸ ਕੁਆਰੀ ਕੋਲ ਭੇਜਿਆ ਸੀ, ਜਿਸ ਦੀ ''ਕੁੜਮਾਈ ਯੂਸੁਫ਼ ਕਰਕੇ ਦਾਊਦ ਦੇ ਘਰਾਣੇ ਦੇ ਇਕ ਪੁਰਖ ਨਾਲ ਹੋਈ ਸੀ'' (1:27)। ਯੂਸੁਫ਼ ਦਾਊਦ ਬਾਦਸ਼ਾਹ ਦੀ ਸੰਤਾਨ ਵਿੱਚੋਂ ਸੀ, ਪਰ ਸ਼ਾਹੀ ਪਰਿਵਾਰ ਹੁਣ ਤੰਗਹਾਲੀ ਵਿਚ ਸੀ। ਯੂਸੁਫ਼ ਨਾਸਰਤ ਦਾ ਰਹਿਣ ਵਾਲਾ (ਲੂਕਾ 2:4) ਗਰੀਬ[2] ਤਰਖਾਣ ਸੀ (ਮੱਤੀ 13:55)।

ਉਸ ਕੁਆਰੀ ਦਾ ਨਾਂਅ, ਜਿਹਦੇ ਕੋਲ ਫ਼ਰਿਸ਼ਤੇ ਨੂੰ ਭੇਜਿਆ ਗਿਆ ਸੀ, ਮਰੀਅਮ ਸੀ (1:27)। ''ਮਰੀਅਮ'' ਇਬਰਾਨੀ ਨਾਂਅ ''ਮਿਰੀਅਮ'' ਦਾ ਯੂਨਾਨੀ ਰੂਪ ਹੈ।[3] ਯੂਸੁਫ਼ ਵਾਂਗ ਉਹ ਵੀ ਦਾਊਦ ਬਾਦਸ਼ਾਹ ਦੇ ਖ਼ਾਨਦਾਨ ਵਿੱਚੋਂ ਸੀ,[4] ਪਰ ਜ਼ਾਹਿਰ ਹੈ ਕਿ ਇਕ ਗਰੀਬ ਪਰਿਵਾਰ ਵਿੱਚੋਂ ਸੀ।[5] ਮਰੀਅਮ ਦੀ ਕੁੜਮਾਈ ਯੂਸੁਫ਼ ਨਾਲ ਹੋਈ ਹੋਈ ਸੀ (ਮੱਤੀ 1:18)। ਉਸ ਜ਼ਮਾਨੇ ਵਿਚ ਜ਼ਿਆਦਾਤਰ ਕੁੜਮਾਈਆਂ ਛੋਟੀ ਉਮਰ ਵਿਚ ਹੀ ਕਰ ਦਿੱਤੀਆਂ ਜਾਂਦੀਆਂ ਸਨ, ਜਿਸ ਕਰਕੇ ਹੋ ਸਕਦਾ ਹੈ ਕਿ ਜਿਬਰਾਈਲ ਵੱਲੋਂ ਦਰਸ਼ਨ ਦਿੱਤੇ ਜਾਣ ਵੇਲੇ ਮਰੀਅਮ ਟੀਨ-ਏਜਰ (ਅੱਲ੍ਹੜ ਮੁਟਿਆਰ) ਹੀ ਹੋਵੇ।[6]

ਜਦ ਖ਼ੁਦਾ ਦੇ ਵਾਅਦਿਆਂ ਨੂੰ ਪੂਰਾ ਕਰਨ ਦੀ ਗੱਲ ਆਉਂਦੀ ਹੈ ਤਾਂ ਆਲੇ ਦੁਆਲੇ ਦੇ ਹਾਲਤ ਅਤੇ ਹਾਲਾਤ ਦਾ ਕੁਝ ਮਤਲਬ ਨਹੀਂ ਹੁੰਦਾ। ਖ਼ੁਦਾ ਕਿਸੇ ਨੂੰ ਵੀ ਕਿਸੇ ਵੀ ਵਕਤ ਇਸਤੇਮਾਲ ਕਰ ਸਕਦਾ ਹੈ। ਇਹ ਆਇਤ ਇਸੇ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਖ਼ੁਦਾ ਵੱਲੋਂ ਇਸਤੇਮਾਲ ਕੀਤੇ ਜਾਣ ਲਈ ਬੁੱਢਾ ਹੋਣ ਜਾਂ ਝੁਰੜੀਆਂ ਪੈਣ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਖ਼ੁਦਾ ਦਾ ਫ਼ਰਿਸ਼ਤਾ ਇਲਾਹੀ ਯੋਜਨਾ ਨੂੰ ਪੂਰਾ ਕਰਨ ਲਈ ਉਹਦੀ ਮਦਦ ਲੈਣ ਲਈ ਇਕ ਮੁਟਿਆਰ ਕੋਲ ਆਇਆ।

## ਉਹ ਆਪਣੇ ਦਿਮਾਗ਼ ਦੀ ਵਰਤੋਂ ਕਰਨੋਂ ਡਰੀ ਨਹੀਂ

ਫ਼ਰਿਸ਼ਤੇ ਨੇ ਮਰੀਅਮ ਨੂੰ ਆਖਿਆ, ''ਵਧਾਇਓਂ ਜਿਹ ਦੇ ਉੱਤੇ ਕਿਰਪਾ ਹੋਈ! ਪ੍ਰਭੂ ਤੇਰੇ ਨਾਲ ਹੈ'' (1:28)। ਫ਼ਰਿਸ਼ਤੇ ਦੀ ਗੱਲ ਸੁਣ ਕੇ ਮਰੀਅਮ ''ਬਹੁਤ ਘਬਰਾਈ'' (ਲੂਕਾ 1:29)। ਬਾਈਬਲ ਵਿਚ ਜ਼ਿਆਦਾਤਰ ਲੋਕ ਕਿਸੇ ਸੁਰਗੀ ਮਹਿਮਾਨ ਨਾਲ ਮਿਲਣ ਤੇ ਪਰੇਸ਼ਾਨ ਹੋ ਜਾਂਦੇ ਸਨ। ਪਰ ਉਸਨੇ ਭੈਭੀਤ ਹੋਣ ਦੀ ਥਾਂ ਵਿਚਾਰ ਕੀਤਾ ਕਿ ''ਇਹ ਕਿਹੋ ਜਿਹਾ ਸਲਾਮ ਹੈ?'' (1:29)

ਮਰੀਅਮ ਇਕ ਅਜਿਹੀ ਔਰਤ ਸੀ ਜਿਸਨੇ ਆਪਣੇ ਦਿਮਾਗ਼ ਦੀ ਵਰਤੋਂ ਕੀਤੀ। ਸਾਨੂੰ ਸਾਫ਼ ਦੱਸਿਆ ਗਿਆ ਹੈ ਕਿ ਉਸ ਨੇ ਯਿਸੂ ਦੇ ਜਨਮ ਦੀਆਂ ਘਟਨਾਵਾਂ ਉੱਤੇ ਵਿਚਾਰ ਕੀਤਾ (ਲੂਕਾ 2:19)। ਉਹ ਖ਼ੁਦਾ ਵੱਲੋਂ ਦਿੱਤੇ ਦਿਮਾਗ ਦੀ ਵਰਤੋਂ ਕਰਨ ਤੋਂ ਨਹੀਂ ਘਬਰਾਈ।

## ਉਹ ਇਕ ਭਗਤ ਔਰਤ ਸੀ

''ਦੂਤ ਨੇ ਉਹ ਨੂੰ ਆਖਿਆ, ਹੇ ਮਰੀਅਮ ਨਾ ਡਰ ਕਿਉਂ ਜੋ ਤੇਰੇ ਉੱਤੇ ਪਰਮੇਸ਼ੁਰ ਦੀ ਕਿਰਪਾ ਹੋਈ। ਅਤੇ ਵੇਖ ਤੂੰ ਗਰਭਵਤੀ ਹੋਵੇਂਗੀ ਅਰ ਪੁੱਤਰ ਜਣੇਂਗੀ ਅਤੇ ਉਹ ਦਾ ਨਾਂਅ ਯਿਸੂ ਰੱਖਣਾ'' (1:30)। ਮੂਲ ਵਿਚ ਬਿਨਾ ਭਲਾ ਹੋਇਆਂ ਆਪਣੇ ਉੱਪਰ ਖ਼ੁਦਾ ਦੀ ਕਿਰਪਾ ਨੂੰ ਮਹਿਸੂਸ ਨਹੀਂ

ਕੀਤਾ ਜਾ ਸਕਦਾ। ਅਸੀਂ ਮਰੀਅਮ ਨੂੰ ਇਕ ਇਮਾਨਦਾਰ, ਧਾਰਮਿਕ, ਅਤੇ ਉੱਚ ਇਖ਼ਲਾਕ ਵਾਲੀ ਔਰਤ ਮੰਨ ਸਕਦੇ ਹਾਂ।

## ਉਸਨੇ ਖ਼ੁਦਾ ਵਿਚ ਅਤੇ ਉਸਦੀ ਸ਼ਕਤੀ ਵਿਚ ਯਕੀਨ ਕੀਤਾ

ਫ਼ਰਿਸ਼ਤੇ ਨੇ ਆਖਿਆ: [ਯਿਸੂ ਜਿਸ ਦਾ ਅਰਥ ਹੈ, ਯਹੋਵਾਹ ਬਚਾਉਂਦਾ ਹੈ]

> ਅਤੇ ਵੇਖ ਤੂੰ ਗਰਭਵਤੀ ਹੋਵੇਂਗੀ ਅਰ ਪੁੱਤਰ ਜਣੇਗੀ ਅਤੇ ਉਹ ਦਾ ਨਾਂਅ ਯਿਸੂ ਰੱਖਣਾ। ਉਹ ਮਹਾਨ ਹੋਵੇਗਾ, ਅਤੇ ਅੱਤ ਮਹਾਨ ਦਾ ਪੁੱਤਰ ਸਦਾਵੇਗਾ, ਅਤੇ ਪ੍ਰਭੂ ਪਰਮੇਸ਼ੁਰ ਉਹ ਦੇ ਪਿਤਾ ਦਾਊਦ ਦਾ ਤਖ਼ਤ ਉਹ ਨੂੰ ਦੇਵੇਗਾ। ਉਹ ਜੁੱਗੋ ਜੁੱਗ ਯਾਕੂਬ ਦੇ ਘਰਾਣੇ ਉੱਤੇ ਰਾਜ ਕਰੇਗਾ, ਅਤੇ ਉਹ ਦੇ ਰਾਜ ਦਾ ਅੰਤ ਨਾ ਹੋਵੇਗਾ (1:31–33)।

ਕਲੀਸੀਆ ਹੀ ਯਿਸੂ ਦਾ ਰਾਜ ਹੈ (ਮੱਤੀ 16:18, 19)। ਉਤਾਂਹ ਜਾ ਕੇ ਸਾਡਾ ਪ੍ਰਭੂ ਦਾਊਦ ਦੀ ਗੱਦੀ ਉੱਤੇ ਖ਼ੁਦਾ ਦੇ ਸੱਜੇ ਪਾਸੇ ਬੈਠ ਗਿਆ ਅਤੇ ਆਪਣੇ ਰਾਜ ਉੱਤੇ ਹਕੂਮਤ ਕਰਨ ਲਗ ਪਿਆ (ਰਸੂਲਾਂ ਦੇ ਕੰਮ 2:25–36)। ਫ਼ਰਿਸ਼ਤੇ ਦੀਆਂ ਗੱਲਾਂ ਵਿਚ ਇਸ ਸਭ ਦਾ ਕਿਆਸ ਸੀ।

ਪਰ ਜਵਾਨ ਮਰੀਅਮ ਦੀ ਚਿੰਤਾ ਇਹ ਨਹੀਂ ਸੀ ਕਿ ਭਵਿੱਖ ਵਿਚ ਤੀਹਾਂ ਸਾਲਾਂ ਬਾਅਦ ਕੀ ਹੋਣ ਵਾਲਾ ਹੈ। ਉਹਦੇ ਕੰਨਾਂ ਵਿਚ ਗੂੰਜ ਰਹੇ ਸ਼ਬਦ ਤਾਂ ਇਹ ਸਨ ਕਿ ''ਤੇਰੇ ਇਕ ਬੇਟਾ ਪੈਦਾ ਹੋਵੇਗਾ।'' ਉਹ ਫ਼ਰਿਸ਼ਤੇ ਨੂੰ ਕਹਿਣ ਲੱਗੀ, ''ਇਹ ਕਿੱਕੁਰ ਹੋਵੇਗਾ ਜਦ ਮੈਂ ਪੁਰਖ ਨੂੰ ਨਹੀਂ ਜਾਣਦੀ'' (1:34)।

ਪਹਿਲੀ ਨਜ਼ਰੇ ਇਹ ਜ਼ਕਰਯਾਹ ਦੇ ਬੇਵਿਸ਼ਵਾਸੇ ਹੋਣ ਵਾਂਗ ਲਗਦਾ ਹੈ, ਜਿਸ ਕਰਕੇ ਉਹ ਨੌਂ ਮਹੀਨਿਆਂ ਤਕ ਗੂੰਗਾ ਰਿਹਾ ਸੀ (1:18, 20)। ਪਰ ਮਰੀਅਮ ਦਾ ਸਵਾਲ ਇਹ ਨਹੀਂ ਸੀ ਕਿ *ਭਲਾ* ਸਚਮੁਚ ਇਵੇਂ ਹੀ ਹੋਵੇਗਾ, ਬਲਕਿ ਉਹਦਾ ਸਵਾਲ ਇਹ ਸੀ ਕਿ *ਕਿਵੇਂ* ਮੁਮਕਿਨ ਹੋਵੇਗਾ। ਇਸ ਆਇਤ ਵਿਚ ਜ਼ੋਰ ਦਿੱਤਾ ਗਿਆ ਹੈ ਕਿ ਉਸਨੇ ਫ਼ਰਿਸ਼ਤੇ ਦੀ ਗੱਲ ਤੇ *ਯਕੀਨ ਕੀਤਾ* (1:45)।

ਫ਼ਰਿਸ਼ਤੇ ਨੇ ਉਸ ਦੇ ''ਕਿਵੇਂ'' ਦੇ ਸਵਾਲ ਦਾ ਜਵਾਬ ਦਿੱਤਾ। ਉਸਨੇ ਕਿਹਾ, ''ਪਵਿੱਤਰ ਆਤਮਾ ਤੇਰੇ ਉੱਪਰ ਆਵੇਗਾ ਅਰ ਅੱਤ ਮਹਾਨ ਦੀ ਕੁਦਰਤ ਤੇਰੇ ਉੱਤੇ ਛਾਇਆ ਕਰੇਗੀ ਇਸ ਕਰਕੇ ਜਿਹੜਾ ਜੰਮੇਗਾ ਉਹ ਪਵਿੱਤਰ ਅਤੇ ਪਰਮੇਸ਼ੁਰ ਦਾ ਪੁੱਤਰ ਕਹਾਵੇਗਾ''(1:35)। ਯੂਨਾਨੀ ਸ਼ਬਦ ਦੇ ਅਨੁਵਾਦ ''ਛਾਇਆ ਕਰੇਗੀ'' ਦੀ ਵਰਤੋਂ ਤੰਬੂ ਨੂੰ ਭਰਨ ਲਈ ਖ਼ੁਦਾ ਦੀ ਮੌਜੂਦਗੀ ਬਾਰੇ ਦੱਸਣ ਲਈ ਸਪਤਤੀ ਅਨੁਵਾਦ[7] ਵਿਚ ਕੀਤੀ ਗਈ ਹੈ (ਵੇਖੋ 40:35)।[8]

ਮਰੀਅਮ ਨੇ ਕੋਈ ਨਿਸ਼ਾਨ ਨਹੀਂ ਮੰਗਿਆ ਸੀ, ਫਿਰ ਵੀ ਫ਼ਰਿਸ਼ਤੇ ਨੇ ਉਹਨੂੰ ਨਿਸ਼ਾਨ ਦੇ ਦਿੱਤਾ: ''ਅਰ ਵੇਖ ਤੇਰੀ ਸਾਕ[9] ਇਲੀਸਬਤ ਉਹ ਨੂੰ ਵੀ ਬੁਢੇਪੇ ਵਿਚ ਪੁੱਤਰ ਹੋਣ ਵਾਲਾ ਹੈ ਅਤੇ ਜਿਹੜੀ ਬਾਂਝ ਕਹਾਉਂਦੀ ਸੀ ਉਹ ਦਾ ਇਹ ਛੇਵਾਂ ਮਹੀਨਾ ਹੈ'' (1:36)। ਉਸਨੇ ਇਹ ਵੀ ਕਿਹਾ, ''ਕਿਉਂਕਿ ਕੋਈ ਵਚਨ ਪਰਮੇਸ਼ੁਰ ਦੀ ਵੱਲੋਂ ਸ਼ਕਤਹੀਣ ਨਾ ਹੋਵੇਗਾ''[10] (1:37)। ਇਸੇ ਗੱਲ ਤੇ ਮਰੀਅਮ ਨੂੰ ਯਕੀਨ ਕਰਨ ਲਈ ਆਖਿਆ ਗਿਆ ਸੀ ਅਤੇ ਉਸ ਨੇ ਯਕੀਨ ਕੀਤਾ ਸੀ (1:45)। ਜੇ ਅਸੀਂ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਵੀ ਯਕੀਨ ਕਰਨਾ ਪਵੇਗਾ।

## ਉਹ ਹਲੀਮ ਸੀ

ਮਰੀਅਮ ਨੇ ਜਵਾਬ ਦਿੱਤਾ, ''ਵੇਖ ਮੈਂ ਪ੍ਰਭੂ ਦੀ ਬਾਂਦੀ ਹਾਂ, ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ'' (1:38)। ਜੇ ਕੋਈ ਆਇਤ ਹੈ ਜਿਹੜੀ ਇਹ ਸਾਫ਼ ਦੱਸਦੀ ਹੋਵੇ ਕਿ ਖ਼ੁਦਾ ਨੇ ਮਰੀਅਮ ਨੂੰ ਕਿਉਂ ਚੁਣਿਆ ਤਾਂ ਉਹ ਇਹੀ ਹੈ। ਪਹਿਲਾਂ ਤਾਂ ''ਪ੍ਰਭੂ ਦੀ ਬਾਂਦੀ'' ਤੇ ਧਿਆਨ ਦਿਓ। ''ਬਾਂਦੀ'' ਲਈ ਯੂਨਾਨੀ ਸ਼ਬਦ ''ਗੁਲਾਮ'' ਦਾ ਇਸਤਰੀ ਲਿੰਗ ਰੂਪ ਹੈ। ਗੁਲਾਮਾਂ ਵਿਚ ਔਰਤਾਂ ਨੂੰ ਸਭ ਤੋਂ

ਨਿਕੰਮੇ ਮੰਨਿਆ ਜਾਂਦਾ ਸੀ ਅਤੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਜਾਂਦੀ ਸੀ। ਬਾਅਦ ਵਿਚ ਮਰੀਅਮ ਨੇ ਗਾਇਆ, ''ਉਹ ਨੇ ਆਪਣੀ ਬਾਂਦੀ ਦੀ ਅਧੀਨਗੀ ਉੱਤੇ ਨਿਗਾਹ ਕੀਤੀ'' (1:48)।

## ਉਹ ਖ਼ੁਦਾ ਦੀ ਮਰਜ਼ੀ ਨੂੰ ਮੰਨਣ ਲਈ ਤਿਆਰ ਸੀ

1:38 ਦਾ ਦੂਜਾ ਹਿੱਸਾ ਵੇਖੋ: ''ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ।'' ਇਸ ਦੇ ਸਭ ਅਰਥਾਂ ਉੱਤੇ ਵਿਚਾਰ ਕਰੋ। (ਯਾਦ ਰੱਖੋ ਕਿ ਮਰੀਅਮ ਵਿਚਾਰ ਕਰਨ ਵਾਲੀ ਔਰਤ ਸੀ ਅਤੇ ਉਸ ਨੇ ਇਹ ਸੋਚ ਸਮਝ ਕੇ ਆਖਿਆ।) ਉਹ ਇਕ ਮੁਟਿਆਰ ਸੀ, ਜਿਸਦਾ ਵਿਆਹ ਹੋਣ ਵਾਲਾ ਸੀ ਅਤੇ ਜਿਸਨੇ ਅਚਾਨਕ ਗਰਭਵਤੀ ਹੋਣਾ ਸੀ। ਉਸਦੇ ਹੋਣ ਵਾਲੇ ਪਤੀ ਨੇ ਮਜ਼ਬੂਤੀ ਨਾਲ ਇਸ ਦਾ ਵਿਰੋਧ ਕਰਨਾ ਸੀ, ''ਨਹੀਂ, ਇਹ ਮੇਰਾ ਬੱਚਾ ਨਹੀਂ ਹੈ!''

ਸਾਡੇ ਲਈ ਇਸ ਗੱਲ ਦਾ ਅਹਿਸਾਸ ਕਰਨਾ ਮੁਸ਼ਕਿਲ ਹੈ ਕਿ ਨਾਸਰਤ ਵਰਗੇ ਇਕ ਛੋਟੇ ਜਿਹੇ ਕਸਬੇ ਵਿਚ ਮਰੀਅਮ ਦੀ ਹਾਲਤ ਕੀ ਹੋਵੇਗੀ। ਲੋਕਾਂ ਦੇ ਉਸ ਨੂੰ ਘੂਰਣ, ਇਕ ਦੂਜੇ ਨਾਲ ਗੱਲਾਂ ਕਰਨ, ਅਫ਼ਵਾਹਾਂ ਫੈਲਾਉਣ ਅਤੇ ਤਾਅਨੇ ਮਾਰਨ ਵਰਗੀਆਂ ਘਟਨਾਵਾਂ ਦੀ ਕਲਪਨਾ ਕਰੋ।[11] ਉਸ ਦੀ ਜਾਨ ਵੀ ਜਾ ਸਕਦੀ ਸੀ, ਕਿਉਂਕਿ ਸ਼ਰ੍ਹਾ ਵਿਚ ਕਿਹਾ ਗਿਆ ਸੀ ਕਿ ਕੁੜਮਾਈ ਹੋਈ ਹੋਈ ਔਰਤ ਜੇ ਵਿਭਚਾਰ ਕਰੇ ਤਾਂ ਪੱਥਰ ਮਾਰ ਮਾਰ ਕੇ ਮਾਰ ਦਿੱਤੀ ਜਾਵੇ (ਵਿਵਸਥਾਸਾਰ 22:23, 24[12]) । ਪੁਰਾਣੇ ਨੇਮ ਵਿਚ ਮੌਤ ਦੇ ਕੇ ਸਜ਼ਾ ਯੋਗ ਸਾਰੇ ਪਾਪਾਂ ਵਿੱਚੋਂ ਵਿਭਚਾਰ ਦਾ ਪਾਪ ਗਰਭਵਤੀ ਹੋਣ ਤੇ ਲੁਕਾਇਆ ਨਹੀਂ ਜਾ ਸਕਦਾ ਸੀ। ਉਸਦੇ ਖਿਲਾਫ਼ ਦੋ ਜਾਂ ਤਿੰਨ ਗਵਾਹ ਲੱਭਣ (ਵਿਵਸਥਾਸਾਰ 17:6; 19:15) ਵਿਚ ਕੋਈ ਦਿੱਕਤ ਨਹੀਂ ਹੋਣੀ ਸੀ; ਮਰੀਅਮ ਦੇ ਗਰਭਵਤੀ ਹੋਣ ਦੇ ਛੇ ਜਾਂ ਸੱਤ ਮਹੀਨਿਆਂ ਵਿਚ ਉਸ ਦੇ ਕੋਲੋਂ ਦੀ ਲੰਘਣ ਵਾਲੇ ਲੋਕ ਇਹ ਕੰਮ ਕਰ ਸਕਦੇ ਸਨ।

ਬੇਸ਼ੱਕ ਮਰੀਅਮ ਇਹ ਸਭ ਗੱਲਾਂ ਜਾਣਦੀ ਸੀ ਫਿਰ ਵੀ ਉਸ ਨੇ ਫ਼ਰਿਸ਼ਤੇ ਨੂੰ ਕਿਹਾ, ''ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ।'' ਦੂਜੇ ਸ਼ਬਦਾਂ ਵਿਚ, ''ਜੇ ਖ਼ੁਦਾ ਦੀ ਇੱਛਾ ਹੈ ਕਿ ਅਜਿਹਾ ਹੋਵੇ, ਤਾਂ ਮੇਰੇ ਨਾਲ ਅਜਿਹਾ ਹੀ ਹੋਣਾ ਚਾਹੀਦਾ ਹੈ।'' ਉਹ ਖ਼ੁਦਾ ਦੀ ਮਰਜ਼ੀ ਮੁਤਾਬਕ ਕਰਨ ਨੂੰ ਤਿਆਰ ਸੀ। ਖ਼ੁਦਾ *ਅਜਿਹੇ* ਹੀ ਲੋਕਾਂ ਨੂੰ ਇਸਤੇਮਾਲ ਕਰ ਸਕਦਾ ਹੈ, ਭਾਵੇਂ ਉਹ ਮਾਂ ਹੋਵੇ, ਬਾਪ, ਬੇਟਾ ਜਾਂ ਬੇਟੀ।

''ਦੂਤ ਉਹ ਦੇ ਕੋਲੋਂ ਚੱਲਿਆ'' (1:38) ਜਾਣ ਦੇ ਬਾਅਦ, ''ਮਰੀਅਮ ਉੱਠ ਕੇ ਛੇਤੀ ਨਾਲ ਪਹਾੜੀ ਦੇਸ ਵਿਚ ਯਹੂਦਾਹ ਦੇ ਇਕ ਨਗਰ ਨੂੰ *[ਆਪਣੀ ਸਾਕ ਇਲੀਸਬਤ ਨੂੰ ਮਿਲਣ]* ਗਈ'' (1:39)। ਇਲੀਸਬਤ ਉਨ੍ਹਾਂ ਲੋਕਾਂ ਵਿੱਚੋਂ ਇਕ ਹੋ ਸਕਦੀ ਸੀ ਜਿਨ੍ਹਾਂ ਨੇ ਉਹਦੇ ਨਾਲ ਹੋਣ ਵਾਲੀਆਂ ਗੱਲਾਂ ਉੱਤੇ ਯਕੀਨ ਕਰਨਾ ਸੀ।

ਮਰੀਅਮ ਨੂੰ ਵੇਖਦਿਆਂ ਹੀ ਇਲੀਸਬਤ ''ਪਵਿੱਤਰ ਆਤਮਾ ਨਾਲ ਭਰ ਗਈ'' (1:41)। ਅਤੇ ''ਉਹ ਜ਼ੋਰ ਨਾਲ ਉੱਚੀ ਦੇ ਕੇ ਬੋਲੀ'' (1:42): ''ਧੰਨ ਹੈਂ ਤੂੰ ਤੀਵੀਆਂ ਵਿੱਚੋਂ, ਨਾਲੇ ਧੰਨ ਤੇਰੀ ਕੁੱਖ ਦਾ ਫਲ। ਮੇਰੇ ਲਈ ਇਹ ਕਿੱਥੋਂ ਹੋਇਆ ਜੋ ਮੇਰੇ ਪ੍ਰਭੂ ਦੀ ਮਾਤਾ ਮੇਰੇ ਕੋਲ ਆਈ?'' (1:42, 43)।

## ਉਸ ਨੂੰ ਵਚਨ ਦੀ ਜਾਣਕਾਰੀ ਸੀ

ਮਰੀਅਮ ਨੇ ਤਾਰੀਫ਼ ਦੇ ਇਕ ਖ਼ੂਬਸੂਰਤ ਗੀਤ ਨਾਲ ਪ੍ਰਤੀਕ੍ਰਿਆ ਦਿੱਤੀ, ਜਿਹੜੀ ਆਇਤ 46 ਤੋਂ ਲੈ ਕੇ ਆਇਤ 55 ਤਕ ਮਿਲਦੀ ਹੈ। ਅਰਨਸਟ ਹਾਉਜ਼ਰ ਨੇ ਲਿਖਿਆ ਹੈ ਕਿ ਇਹ ਸੰਖੇਪ, ਅਨੰਦ ਨਾਲ ਭਰੀ ਕਵਿਤਾ, ''ਨਵੇਂ ਨੇਮ ਦੇ ਸਾਹਿੱਤਕ ਮੋਤੀਆਂ ਵਿੱਚੋਂ ਇਕ ਹੈ।''[13] ਇਨ੍ਹਾਂ ਦਸਾਂ ਆਇਤਾਂ ਵਿਚ ਸਾਨੂੰ ਯਿਸੂ ਦੀ ਮਾਤਾ ਦੇ ਮੂੰਹੋਂ ਨਿੱਕਲੇ ਸਭ ਤੋਂ ਵੱਧ ਲਿਖਤ ਬੋਲ ਮਿਲਦੇ ਹਨ।

ਮਰੀਅਮ ਦੇ ਬੋਲ ਸਾਨੂੰ 1 ਸਮੂਏਲ 2:1—10 ਵਾਲਾ ਹੰਨਾ ਦਾ ਗੀਤ ਯਾਦ ਕਰਾਉਂਦੇ ਹਨ।

ਮਰੀਅਮ ਦੇ ਗੀਤ ਦੇ ਤਿੰਨ ਮੁੱਖ ਵਿਸ਼ੇ ਹਨ: (1) ਜੋ ਕੁਝ ਖ਼ੁਦਾ ਨੇ ਉਹਦੇ ਲਈ ਕੀਤਾ ਸੀ (1:46–49), (2) ਜੋ ਕੁਝ ਖ਼ੁਦਾ ਨੇ ਸਭ ਲੋਕਾਂ ਲਈ ਕੀਤਾ ਹੈ– ਉਸ ਨੇ ਬੇਆਸਰਿਆਂ, ਹਲੀਮਾਂ ਅਤੇ ਭੁੱਖਿਆਂ ਦੀ ਮਦਦ ਕੀਤੀ (1:50–53), ਅਤੇ (3) ਜੋ ਕੁਝ ਖ਼ੁਦਾ ਨੇ ਇਸਰਾਏਲ ਲਈ ਕੀਤਾ ਸੀ (1:54, 55)। ਆਖ਼ਰੀ ਗੱਲ ਇਸ ਗੱਲ ਦਾ ਸਬੂਤ ਸੀ ਕਿ ਖ਼ੁਦਾ ਆਪਣਾ ਵਾਅਦਾ ਪੂਰਾ ਕਰਦਾ ਹੈ!

ਮਰੀਅਮ ਦੀਆਂ ਗੱਲਾਂ ਤੇ ਵਿਚਾਰ ਕਰਦਿਆਂ, ਅਸੀਂ ਇਸ ਤੱਥ ਨਾਲ ਪ੍ਰਭਾਵਿਤ ਹੁੰਦੇ ਹਾਂ ਕਿ ਉਸ ਨੂੰ ਬਾਈਬਲ ਦਾ ਕਾਫ਼ੀ ਗਿਆਨ ਸੀ।[14] ਪੁਰਾਣੇ ਨੇਮ ਦੀਆਂ ਬਾਰਾਂ ਆਇਤਾਂ ਤਾਰੀਫ਼ ਦੀਆਂ ਉਸ ਦੀਆਂ ਗੱਲਾਂ ਵਿਚ ਝਲਕਦੀਆਂ ਹਨ। ਇਹ ਤੱਥ ਉਦੋਂ ਹੋਰ ਵੀ ਅਹਿਮ ਹੋ ਜਾਂਦਾ ਹੈ ਜਦ ਸਿਨਾਗੋਗ ਦੇ ਸਕੂਲਾਂ ਵਿਚ ਸਿਰਫ਼ ਮੁੰਡਿਆਂ ਨੂੰ ਹੀ ਪੜ੍ਹਨ ਦੀ ਇਜਾਜ਼ਤ ਸੀ।

ਸਾਨੂੰ ਮਰੀਅਮ ਦੀ ਜ਼ਿੰਦਗੀ ਨੂੰ ਵੇਖ ਕੇ ਆਪਣੀ ਚਾਲ ਹੋਰ ਤੇਜ਼ ਕਰਨੀ ਚਾਹੀਦੀ ਹੈ। ਲੂਕਾ 2 ਅਧਿਆਇ ਵਿਚ ਯਿਸੂ ਦੇ ਜਨਮ ਅਤੇ ਆਜੜੀਆਂ ਦੇ ਆਉਣ ਦੀ ਕਹਾਣੀ ਹੈ। ਆਇਤ 19 ਕਹਿੰਦੀ ਹੈ ਕਿ ''ਮਰੀਅਮ ਨੇ ਇਨ੍ਹਾਂ ਸਭਨਾਂ ਗੱਲਾਂ ਨੂੰ ਆਪਣੇ ਹਿਰਦੇ ਵਿਚ ਧਿਆਨ ਨਾਲ ਰੱਖਿਆ।''

## ਉਹ ਬਹਾਦੁਰ ਅਤੇ ਹਿੰਮਤੀ ਔਰਤ ਸੀ

ਯਿਸੂ ਦੇ ਜਨਮ ਦੇ ਚਾਲੀ ਕੁ ਦਿਨਾਂ ਬਾਅਦ, ਮਰੀਅਮ ਅਤੇ ਯੂਸੁਫ਼ ਕੁਰਬਾਨੀ ਦੇਣ ਲਈ ਬਾਲ ਯਿਸੂ ਨੂੰ ਯਰੂਸ਼ਲਮ ਦੀ ਹੈਕਲ ਵਿਚ ਲੈ ਕੇ ਗਏ (ਲੇਵੀਆਂ ਦੀ ਪੋਥੀ 12:2–4, 6–8)। ਉੱਥੇ ਸਿਮੋਅਨ ਨਾਂਅ ਦਾ ਇਕ ਆਦਮੀ ਸੀ, ਜਿਸ ਨੇ ਯਿਸੂ ਨੂੰ ਆਪਣੀਆਂ ਬਾਹਾਂ ਵਿਚ ਲੈ ਕੇ ਕਿਹਾ ਸੀ ਕਿ ਇਹ ਬੱਚਾ ਕੀ ਕਰੇਗਾ (ਲੂਕਾ 2:25–35)। ਖ਼ੁਦਾ ਦੀ ਪ੍ਰੇਰਣਾ ਨਾਲ ਕਹੀਆਂ ਗਈਆਂ ਉਸ ਦੀਆਂ ਗੱਲਾਂ ਵਿਚ ਮਰੀਅਮ ਵਾਸਤੇ ਇਹ ਅਸ਼ੁੱਭ ਚਿਤਾਵਨੀ ਵੀ ਸੀ: ''ਸਗੋਂ ਤਲਵਾਰ ਤੇਰੀ ਜਿੰਦ ਦੇ ਵਿੱਚੋਂ ਵੀ ਫਿਰ ਜਾਵੇਗੀ'' (ਲੂਕਾ 2:35)।

ਜ਼ਰਾ ਰੁਕ ਕੇ ਵਿਚਾਰ ਕਰੋ ਕਿ ਮਰੀਅਮ ਕਿਸ ਗੱਲ ਦੀ ਉਡੀਕ ਕਰ ਰਹੀ ਸੀ। ਮੇਰੀ ਪਤਨੀ ਅਤੇ ਮੇਰੇ ਲਈ ਤਿੰਨ ਬੱਚੀਆਂ ਦਾ ਪਾਲਣ ਪੋਸ਼ਣ ਕਰਨਾ ਅਸਾਨ ਕੰਮ ਨਹੀਂ ਸੀ, ਪਰ ਮਰੀਅਮ ਦੇ ਘੱਟੋ ਘੱਟ ਸੱਤ ਬੱਚੇ ਸਨ।[15] ਅਤੇ ਉਨ੍ਹਾਂ ਵਿੱਚੋਂ ਸਭ ਤੋਂ ਵੱਡਾ ਪਰਮੇਸ਼ੁਰ ਦਾ ਪੁੱਤਰ ਸੀ! ਮੈਂ ਖ਼ੁਦਾ ਦੇ ਆਪਣੇ ਪੁੱਤਰ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਦੇ ਤਣਾਅ ਦੀ ਕਲਪਣਾ ਵੀ ਨਹੀਂ ਕਰ ਸਕਦਾ। ਹੁਣ ਇਸ ਤੋਂ ਵੀ ਉੱਪਰ ਸਿਮਓਨ ਨੇ ਉਸ ਨੂੰ ਇਹ ਦੱਸ ਦਿੱਤਾ ਕਿ ਸੀ ਅਖ਼ੀਰ ਵਿਚ ਤਲਵਾਰ ਉਸ ਦੀ ਜਿੰਦ ਵਿੱਚੋਂ ਦੀ ਲੰਘੇਗੀ। ਉਸ ਦੇ ਮਨ ਦੀ ਤਕਲੀਫ਼ ਤਾਂ ਅੱਗੇ ਆਉਣ ਵਾਲੀ ਸੀ!

ਕੋਈ ਹਿੰਮਤੀ ਔਰਤ ਹੀ ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰ ਸਕਦੀ ਸੀ। ਅਜਿਹੇ ਵਕਤ ਵਿਚ ਜਦ ਕਿਸੇ ਨੇ ਸੁਣਿਆ ਵੀ ਨਹੀਂ ਹੋਵੇਗਾ, ਇਕ ਅਣਵਿਆਹੀ ਮਾਂ ਬਣਨ ਦੇ ਨਤੀਜਿਆਂ ਨੂੰ ਕਬੂਲ ਕਰਨ ਦੀ ਇੱਛਾ ਜਤਾ ਕੇ ਮਰੀਅਮ ਨੇ ਆਪਣੀ ਹਿੰਮਤ ਵਿਖਾ ਦਿੱਤੀ ਸੀ। ਉਹ ਆਪਣੇ ਪ੍ਰਭੂ ਦੀ ਮਾਂ ਬਣਨ ਦੇ ਨਤੀਜਿਆਂ ਨੂੰ ਕਬੂਲ ਕਰਕੇ ਆਪਣੀ ਹਿੰਮਤ ਵਿਖਾਉਂਦੀ ਰਹੀ।

ਇਸ ਹਕੀਕਤ ਤੋਂ ਸਾਨੂੰ ਇਹ ਸਮਝਾਉਣ ਦੀ ਮਦਦ ਮਿਲ ਸਕਦੀ ਹੈ ਕਿ ਖ਼ੁਦਾ ਨੇ ਮਹਿਲ ਵਿਚ ਪਲਣ ਵਾਲੀ ਰਾਜਕੁਮਾਰੀ ਦੀ ਥਾਂ ਇਕ ਗ਼ਰੀਬ, ਪਿਛੜੇ ਬਲਕਿ ਤੁੱਛ ਸਮਝੇ ਜਾਣ ਵਾਲੇ ਕਸਬੇ ਵਿੱਚੋਂ ਇਕ ਮਾਮੂਲੀ ਜਿਹੀ ਮੁਟਿਆਰ ਨੂੰ ਹੀ ਕਿਉਂ ਚੁਣਿਆ। ਖ਼ੁਦਾ ਨੂੰ ਅਜਿਹੇ ਲੋਕਾਂ ਦੀ ਲੋੜ ਸੀ ਜੋ ਮਜ਼ਬੂਤ ਇਰਾਦੇ ਵਾਲੇ ਅਤੇ ਲਚਕੀਲੇ ਹੋਣ। ਅਮਰੀਕਾ ਵਿਚ ਅਸੀਂ ਕਹਾਂਗੇ, ''ਖ਼ੁਦਾ ਨੂੰ ਅਜਿਹੇ ਸ਼ਖ਼ਸ ਦੀ ਲੋੜ ਸੀ ਜਿਹੜਾ *ਸਖ਼ਤ* ਹੋਵੇ।''[16]

ਯਿਸੂ ਦੀ ਨਿੱਜੀ ਸੇਵਕਾਈ ਦੌਰਾਨ ਯੂਸੁਫ਼ ਬਾਰੇ ਕਿਤੇ ਵੀ ਕੁਝ ਪੜ੍ਹਨ ਨੂੰ ਨਹੀਂ ਮਿਲਦਾ; ਅਸੀਂ ਸਿਰਫ਼ ਮਰੀਅਮ ਅਤੇ ਉਸ ਦੇ ਬੱਚਿਆਂ ਬਾਰੇ ਹੀ ਪੜ੍ਹਦੇ ਹਾਂ। ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਯੂਸੁਫ਼ ਮਰੀਅਮ ਨਾਲੋਂ ਉਮਰ ਵਿਚ ਵੱਡਾ ਸੀ ਅਤੇ ਯਿਸੂ ਦੇ

ਲੋਕਾਂ ਵਿਚ ਕੰਮ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਚੁੱਕੀ ਸੀ।[17] ਇਸ ਗੱਲ ਦੀ ਕਾਫ਼ੀ ਸੰਭਾਵਨਾ ਹੈ ਕਿ ਆਪਣੇ ਸੱਤ ਜਾਂ ਇਸ ਤੋਂ ਵੱਧ ਬੱਚਿਆਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਮਰੀਅਮ ਉੱਤੇ ਹੀ ਸੀ।[18] ਜਿਵੇਂ ਤੁਹਾਡੇ ਵਿੱਚੋਂ ਕਈ ਲੋਕ ਮੰਨਣਗੇ ਕਿ ਇਹ ਕੰਮ ਅਸਾਨ ਨਹੀਂ ਸੀ। ਮੈਂ ਦੁਹਰਾਉਂਦਾ ਹਾਂ ਕਿ ਖ਼ੁਦਾ ਨੂੰ ਕਿਸੇ ਅਜਿਹੇ ਸ਼ਖ਼ਸ ਦੀ ਲੋੜ ਸੀ ਜਿਹੜਾ ਮਜ਼ਬੂਤ ਹੋਵੇ।

## ਉਹ ਆਪਣੀ ਜ਼ਿੰਮੇਵਾਰੀ ਕਬੂਲ ਕਰਨ ਨੂੰ ਤਿਆਰ ਸੀ

ਮਰੀਅਮ ਦੀ ਮਜ਼ਬੂਤੀ ਉਸ ਦੀ ਖ਼ਾਸ ਖੂਬੀ ਨਾਲ ਜੁੜੀ ਹੋਈ ਹੈ, ਜੋ ਇਕ ਅਜਿਹੀ ਖੂਬੀ ਹੈ ਜਿਸ ਦੀ ਬਹੁਤੇ ਲੋਕਾਂ ਵਿਚ ਘਾਟ ਪਾਈ ਜਾਂਦੀ ਹੈ। ਉਹ ਜ਼ਿਮੇਵਾਰੀ ਲੈਣ ਨੂੰ ਤਿਆਰ ਸੀ। ਇਸ ਨੂੰ ਸਮਝਾਉਣ ਲਈ ਅਸੀਂ ਯਿਸੂ ਦੀ ਬਾਰਾਂ ਸਾਲ ਦੀ ਉਮਰ ਵੇਲੇ ਦੀ ਕਹਾਣੀ ਦਾ ਜ਼ਿਕਰ ਕਰਦੇ ਹਾਂ (ਲੂਕਾ 2:41–51)। ਜਦ ਯੂਸੁਫ਼ ਅਤੇ ਮਰੀਅਮ ਉਸ ਦੇ ਜਾਣ ਤੇ ਉਸ ਨੂੰ ਨਾ ਲੱਭ ਸਕੇ ਤਾਂ ਉਨ੍ਹਾਂ ਨੇ ਉਸ ਨੂੰ ਯਰੂਸ਼ਲਮ ਜਾ ਕੇ ਥਾਂ ਥਾਂ ਲੱਭਿਆ ਕਿਉਂਕਿ ਖ਼ੁਦਾ ਨੇ ਉਨ੍ਹਾਂ ਨੂੰ ਉਸ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਜੋ ਦਿੱਤੀ ਹੋਈ ਸੀ। ਬਦਕਿਸਮਤੀ ਨਾਲ ਕੁਝ ਲੋਕ ਅੱਜ ਆਪਣੀ ਜ਼ਿੰਮੇਵਾਰੀ ਨੂੰ ਕਬੂਲਣਾ ਨਹੀਂ ਚਾਹੁੰਦੇ, ਭਾਵੇਂ ਇਹ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵਿਚ ਹੋਵੇ, ਵਿਆਹ ਵਿਚ ਜਾਂ ਪਰਿਵਾਰ ਹੀ ਹੋਵੇ।

## ਉਸ ਨੇ ਆਪਣੇ ਪੁੱਤਰ ਵਿਚ ਭਰੋਸਾ ਜਤਾਇਆ

ਅਠਾਰਾਂ ਸਾਲਾਂ ਬਾਅਦ ਅਸੀਂ ਯਿਸੂ ਦੇ ਲੋਕਾਂ ਵਿਚ ਆਪਣੀ ਨਿੱਜੀ ਸੇਵਕਾਈ ਸ਼ੁਰੂ ਕਰਨ ਤੇ ਆਉਂਦੇ ਹਾਂ। ਉਸ ਦੀ ਸੇਵਕਾਈ ਦੇ ਸ਼ੁਰੂ ਵਿਚ ਮਰੀਅਮ ਅਤੇ ਉਸ ਦਾ ਪੁੱਤਰ ਕਾਨਾ ਦੇ ਇਕ ਵਿਆਹ ਵਿਚ ਸਨ। ਮੈ ਖ਼ਤਮ ਹੋ ਜਾਣ ਤੇ ਮਰੀਅਮ ਨੇ ਯਿਸੂ ਨੂੰ ਆਖਿਆ, ‘‘ਉਨ੍ਹਾਂ ਕੋਲ ਮੈ ਨਾ ਰਹੀ’’ (ਯੂਹੰਨਾ 2:3)।[19] ਫਿਰ ਉਸ ਨੇ ਸੇਵਕਾਂ ਨੂੰ ਆਖਿਆ, ‘‘ਜੋ ਕੁਝ ਉਹ ਤੁਹਾਨੂੰ ਕਹੇ ਉਹ ਕਰੋ’’ (ਯੂਹੰਨਾ 2:5)। ਉਹਨੂੰ ਯਕੀਨ ਸੀ ਕਿ ਉਹਦਾ ਬੇਟਾ ਹਾਲਾਤ ਉੱਤੇ ਕਾਬੂ ਪਾ ਸਕਦਾ ਹੈ।

ਉਹਨੇ ਇਕ ਅਜਿਹੀ ਖੂਬੀ ਵਿਖਾਈ ਜਿਹੜੀ ਹਰ ਮਾਂ ਬਾਪ ਲਈ ਜ਼ਰੂਰੀ ਹੈ: ਉਹਨੂੰ ਆਪਣੀ ਔਲਾਦ ਉੱਤੇ ਭਰੋਸਾ ਸੀ ਅਤੇ ਉਸ ਨੇ ਉਹ ਭਰੋਸਾ ਵਿਖਾਇਆ। ਮੇਰੀ ਮਾਂ ਵੱਲੋਂ ਦਿੱਤੇ ਸਭ ਤੋਂ ਵਧੀਆ ਗਿਫ਼ਟਾਂ ਵਿੱਚੋਂ ਮੈਨੂੰ ਲਗਾਤਾਰ ਇਸ ਨਾਲ ਹੱਲਾਸ਼ੇਰੀ ਮਿਲਦੀ ਸੀ ਕਿ ‘‘ਤੂੰ ਕਰ ਸਕਦਾ ਹੈਂ।’’

## ਉਸ ਨੂੰ ਦੂਜਿਆਂ ਦੀ ਭਲਿਆਈ ਦਾ ਧਿਆਨ ਸੀ

ਅਗਲੇ ਤਿੰਨ ਤੋਂ ਵੱਧ ਸਾਲਾਂ ਦੌਰਾਨ ਅਸੀਂ ਮਰੀਅਮ ਬਾਰੇ ਕਦੇ ਕਦੇ ਪੜ੍ਹਦੇ ਹਾਂ ਜਦ ਲੱਗਾ ਕਿ ਉਸ ਨੂੰ ਯਿਸੂ ਦੇ ਖਾਣੇ ਦੀ ਫ਼ਿਕਰ ਸੀ (ਮਰਕੁਸ 3:20, 21)। ਉਹ ਅਤੇ ਉਹਦੇ ਦੂਸਰੇ ਬੱਚੇ ਉਸ ਨੂੰ ਘਰ ਲਿਜਾਣ ਵਾਸਤੇ ਆਏ (ਮਰਕੁਸ 3:31–35)।[20] ਇਹ ਘਟਨਾ ਮਰੀਅਮ ਅਤੇ ਉਸ ਦੇ ਪਰਿਵਾਰ ਦੀ ਖੁਸ਼ਾਮਦ ਨਹੀਂ ਕਰਦੀ; ਉਨ੍ਹਾਂ ਨੂੰ ਜ਼ਾਹਿਰ ਤੌਰ ਤੇ ਪੱਕਾ ਪਤਾ ਨਹੀਂ ਸੀ ਕਿ ਯਿਸੂ ਕੌਣ ਹੈ ਅਤੇ ਉਸ ਦਾ ਮਕਸਦ ਕੀ ਹੈ। ਫਿਰ ਵੀ ਇਸ ਤੋਂ ਇਹ ਪਤਾ ਲਗ ਜਾਂਦਾ ਹੈ ਕਿ ਮਰੀਅਮ ਨੂੰ ਆਪਣੇ ਪੁੱਤਰ ਦੀ ਫ਼ਿਕਰ ਸੀ। ਜੇ ਤੁਹਾਡੀ ਵੀ ਅਜਿਹੀ ਮਾਂ ਹੈ ਜੋ ਤੁਹਾਡੀ ਵੀ ਫ਼ਿਕਰ ਕਰਦੀ ਹੈ ਤਾਂ ਉਮੀਦ ਹੈ ਕਿ ਤੁਸੀਂ ਫ਼ਿਕਰ ਕਰਨ ਵਾਲੀ ਮਾਂ ਲਈ ਖ਼ੁਦਾ ਦਾ ਸ਼ੁਕਰ ਜ਼ਰੂਰ ਕਰਦੇ ਹੋਵੋਗੇ।

## ਉਹ ਅਖ਼ੀਰ ਤਕ ਆਪਣੇ ਕੰਮ ਲਈ ਵਫ਼ਾਦਾਰ ਸੀ

ਇਹਦੇ ਬਾਅਦ ਮਰੀਅਮ ਸਲੀਬ ਤੋਂ ਸਾਨੂੰ ਨਜ਼ਰ ਨਹੀਂ ਆਉਂਦੀ। ਯੂਹੰਨਾ ਨੇ ਇਸ ਦਿਲ ਟੁੰਬਵੇਂ ਦ੍ਰਿਸ਼ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਅਤੇ ਯਿਸੂ ਦੀ ਸਲੀਬ ਦੇ ਮੁੱਢ ਉਹ ਦੀ ਮਾਤਾ ਅਰ ਉਹ ਦੀ ਮਾਸੀ ਕਲੋਪਾਸ ਦੀ ਪਤਨੀ ਮਰਿਯਮ ਅਤੇ ਮਰੀਅਮ ਮਗਦਲੀਨੀ ਖਲੋਤੀਆਂ ਸਨ। ਤਦ ਯਿਸੂ ਨੇ ਆਪਣੀ ਮਾਤਾ ਨੂੰ ਅਤੇ ਉਸ ਚੇਲੇ ਨੂੰ ਜਿਹ ਦੇ ਨਾਲ ਉਹ ਪਿਆਰ ਕਰਦਾ ਸੀ *[ਸੰਭਵ ਤੌਰ ਤੇ ਯੂਹੰਨਾ]* ਕੋਲ ਖਲੋਤੇ ਵੇਖ ਕੇ ਆਪਣੀ ਮਾਤਾ ਨੂੰ ਆਖਿਆ, ਹੇ ਬੀਬੀ ਜੀ, ਔਹ ਵੇਖ ਤੇਰਾ ਪੁੱਤਰ। ਫੇਰ ਉਸ ਚੇਲੇ ਨੂੰ ਕਿਹਾ, ਔਹ ਵੇਖ ਤੇਰੀ ਮਾਤਾ, ... (ਯੂਹੰਨਾ 19:25–27)।

ਕੀ ਤੁਸੀਂ ਮਰੀਅਮ ਨੂੰ ਉੱਥੇ ਖਲੋ ਕੇ ਆਪਣੇ ਪੁੱਤਰ ਨੂੰ ਸਲੀਬ ਉੱਤੇ ਚੜ੍ਹਿਆ ਵੇਖਣ ਦੀ ਕਲਪਨਾ ਕਰ ਸਕਦੇ ਹੋ? ਕੀ ਤੁਸੀਂ ਉਸ ਦੀਆਂ ਅੱਖਾਂ ਵਿੱਚੋਂ ਡਿੱਗਦੇ ਹੰਝੂਆਂ ਨੂੰ ਵੇਖ ਸਕਦੇ ਹੋ? ਕੀ ਤੁਸੀਂ ਉਸ ਨੂੰ ਉਸਦੇ ਬਚਪਨ ਨੂੰ ਯਾਦ ਕਰਦਿਆਂ, ਆਪਣੀਆਂ ਬਾਹਾਂ ਦਾ ਝੂਲਾ ਝੁਲਾਉਂਦਿਆਂ ਵੇਖ ਸਕਦੇ ਹੋ? ਕਈ ਸਾਲ ਪਹਿਲਾਂ ਮੈਂ ਇਕ ਕਵਿਤਾ ਯਾਦ ਕੀਤੀ ਸੀ, ਜਿਹੜੀ ਮੈਨੂੰ ਇਸ ਘਟਨਾ ਨੂੰ ਯਾਦ ਦੁਆਉਂਦੀ ਹੈ:

ਮੈਂ ਦੋ ਔਰਤਾਂ ਨੂੰ ਰੋਂਦਿਆਂ ਸੁਣਿਆ,
ਜੋ ਪਹਾੜੀ ਤੋਂ ਹੇਠਾਂ ਆ ਰਹੀਆਂ ਸਨ;
ਉਨ੍ਹਾਂ ਵਿੱਚੋਂ ਇਕ ਟੁੱਟੇ ਹੋਏ ਗੁਲਾਬ ਵਾਂਗ ਸੀ,
ਅਤੇ ਇਕ ਚੰਗਿਆੜੀ ਵਾਂਗ।
ਇਕ ਆਖਦੀ ਸੀ, ''ਲੋਕਾਂ ਨੂੰ ਇਸ ਕਰਤੂਤ ਲਈ ਪਛਤਾਉਣਾ ਪਵੇਗਾ
ਉਨ੍ਹਾਂ ਦੇ ਦੁਸ਼ਟ ਹੱਥਾਂ ਨੇ ਇਹ ਕੰਮ ਕੀਤਾ ਹੈ'';
ਦੂਜੀ ਨੇ ਆਪਣੇ ਹੰਝੂਆਂ ਦੀ ਜ਼ਬਾਨ ਨਾਲ ਸਿਰਫ਼ ਇਹੀ ਕਿਹਾ ਸੀ,
''ਮੇਰਾ ਬੇਟਾ, ਮੇਰਾ ਲਾਲ, ਮੇਰਾ ਲਾਲ।''[21]

ਗਲਗਥਾ ਨਾਮਕ ਪਹਾੜੀ ਉੱਤੇ ਮਰੀਅਮ ਨੂੰ ਅਖ਼ੀਰ ਕਈ ਸਾਲ ਪਹਿਲਾਂ ਕਹੀ ਗਈ ਗੱਲ ਸਮਝ ਆ ਗਈ ਸੀ: ''ਸਗੋਂ ਤਲਵਾਰ ਤੇਰੀ ਜਿੰਦ ਦੇ ਵਿੱਚੋਂ ਵੀ ਫਿਰ ਜਾਵੇਗੀ'' (ਲੂਕਾ 2:35) । ਬੋਰ ਕਰਨ ਵਾਲੇ ਹੋਣ ਦਾ ਜੋਖ਼ਿਮ ਲੈ ਕੇ ਮੈਂ ਇਕ ਵਾਰ ਫੇਰ ਇਹ ਜ਼ਰੂਰ ਆਖਾਂਗਾ ਕਿ ਖ਼ੁਦਾ ਨੂੰ ਅਜਿਹੇ ਹੀ ਸ਼ਖ਼ਸ ਦੀ ਲੋੜ ਸੀ ਜਿਹੜਾ ਮਜ਼ਬੂਤ ਹੋਵੇ।

ਇਕ ਆਖ਼ਰੀ ਦ੍ਰਿਸ਼ ਰਹਿ ਜਾਂਦਾ ਹੈ: ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਬਾਅਦ ਚੇਲੇ ਆਤਮਾ ਦੇ ਆਉਣ ਅਤੇ ਰਾਜ/ਕਲੀਸੀਆ ਦੇ ਐਲਾਨੇ ਜਾਣ ਦੀ ਉਡੀਕ ਕਰ ਰਹੇ ਸਨ। ਲੂਕਾ ਨੇ ਲਿਖਿਆ ਹੈ ਕਿ ਚੇਲਿਆਂ ਨਾਲ ਮਰੀਅਮ ਅਤੇ ਯਿਸੂ ਦੇ ਭਰਾ ਵੀ ਸਨ (ਰਸੂਲਾਂ ਦੇ ਕੰਮ 1:14)। ਯਿਸੂ ਦੇ ਭਰਾ ਵੀ ਯਕੀਨ ਕਰਨ ਲੱਗ ਪਏ ਸਨ; ਮਰੀਅਮ ਦੇ ਯਕੀਨ ਕਰਕੇ ਉਹ ਵੀ ਸਮਝ ਗਏ ਸਨ।

ਇੱਥੇ ਸਾਨੂੰ ਮਰੀਅਮ ਨੂੰ ਛੱਡ ਦੇਣਾ ਪਵੇਗਾ। ਬਾਈਬਲ ਤੋਂ ਬਾਹਰ ਦੀ ਇਕ ਰਵਾਇਤ ਕਹਿੰਦੀ ਹੈ ਕਿ ਉਹ ਯਰੂਸ਼ਲਮ ਵਿਚ ਮਰ ਗਈ; ਇਕ ਹੋਰ ਰਵਾਇਤ ਮੁਤਾਬਕ ਅਫ਼ਸੁਸ ਵਿਚ ਚਲੀ ਗਈ ਅਤੇ ਉੱਥੇ ਮਰ ਗਈ। ਸਾਨੂੰ ਨਹੀਂ ਪਤਾ ਕਿ ਉਹਦੇ ਨਾਲ ਕੀ ਹੋਇਆ। ਖ਼ੁਦਾ ਹੀ ਸਾਨੂੰ ਦੱਸਦਾ ਹੈ ਕਿ ਉਹ ਕਲੀਸੀਆ ਦੇ ਰੋਮਾਂਚਕਾਰੀ ਸ਼ੁਰੂਆਤੀ ਦਿਨਾਂ ਵਿਚ ਇਕ ਹਿੱਸਾ ਸੀ ਅਤੇ ਉਹਦੇ ਨਾਲ ਉਸਨੇ ਸਾਡੇ ਪ੍ਰਭੂ ਦੀ ਮਾਤਾ ਦੀ ਕਹਾਣੀ ਉੱਤੋ ਪਰਦਾ ਖਿੱਚ ਲਿਆ।

## ਸਾਰ

ਖ਼ੁਦਾ ਨੇ ਮਰੀਅਮ ਨੂੰ ਹੀ ਕਿਉਂ ਚੁਣਿਆ? ਅਸੀਂ ਕੁਝ ਖੂਬੀਆਂ ਦੱਸੀਆਂ ਹਨ, ਜਿਨ੍ਹਾਂ ਨੇ ਯਕੀਨੀ ਤੌਰ ਤੇ ਮਰੀਅਮ ਨੂੰ ਲਗਭਗ ਨਾਮੁਮਕਿਨ ਕੰਮ ਨੂੰ ਕਰਨ ਲਈ, ਜਿਹੜਾ ਖ਼ੁਦਾ ਨੇ ਉਸ ਨੂੰ ਦਿੱਤਾ ਸੀ, ਮਦਦ ਕੀਤੀ।

- ਉਹ ਆਪਣੇ ਦਿਮਾਗ਼ ਦੀ ਵਰਤੋਂ ਕਰਨ ਡਰੀ ਨਹੀਂ।
- ਉਹ ਇਕ ਭਗਤ ਔਰਤ ਸੀ।
- ਉਸਨੇ ਖ਼ੁਦਾ ਵਿਚ ਅਤੇ ਉਸਦੀ ਸ਼ਕਤੀ ਵਿਚ ਯਕੀਨ ਕੀਤਾ।
- ਉਹ ਹਲੀਮ ਸੀ।
- ਉਹ ਖ਼ੁਦਾ ਦੀ ਮਰਜ਼ੀ ਨੂੰ ਮੰਨਣ ਲਈ ਤਿਆਰ ਸੀ।
- ਉਸ ਨੂੰ ਵਚਨ ਦੀ ਜਾਣਕਾਰੀ ਸੀ।
- ਉਹ ਬਹਾਦੁਰ ਅਤੇ ਹਿੰਮਤੀ ਔਰਤ ਸੀ।
- ਉਹ ਆਪਣੀ ਜ਼ਿੰਮੇਵਾਰੀ ਕਬੂਲ ਕਰਨ ਨੂੰ ਤਿਆਰ ਸੀ।
- ਉਸ ਨੇ ਆਪਣੇ ਪੁੱਤਰ ਵਿਚ ਭਰੋਸਾ ਜਤਾਇਆ।
- ਉਸ ਨੂੰ ਦੂਜਿਆਂ ਦੀ ਭਲਿਆਈ ਦਾ ਧਿਆਨ ਸੀ।
- ਉਹ ਅਖ਼ੀਰ ਤਕ ਆਪਣੇ ਕੰਮ ਲਈ ਵਫ਼ਾਦਾਰ ਸੀ।

ਜ਼ਿੰਦਗੀ ਦੇ ਕੰਮਾਂ ਵਿਚ ਅੱਗੇ ਵਧਣ ਲਈ ਕਿਸੇ ਨੂੰ ਵੀ ਇਨ੍ਹਾਂ ਖੂਬੀਆਂ ਨਾਲ ਮਦਦ ਮਿਲੇਗੀ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਇਨ੍ਹਾਂ ਨਾਲ ਖ਼ੁਦਾ ਦੀ ਸੇਵਾ ਲਈ ਵਰਤੇ ਜਾਣ ਲਈ ਯੋਗਤਾ ਮਿਲੇਗੀ।

ਅਖ਼ੀਰ ਵਿਚ ਮੈਂ ਤੁਹਾਨੂੰ ਮਰੀਅਮ ਦੀਆਂ ਖਾਸ ਖੂਬੀਆਂ ਵੱਲ ਲਿਜਾਣਾ ਚਾਹੁੰਦਾ ਹਾਂ: ''ਉਹ ਖ਼ੁਦਾ ਦੀ ਮਰਜ਼ੀ ਨੂੰ ਮੰਨਣ ਲਈ ਤਿਆਰ ਸੀ।'' ਫ਼ਰਿਸ਼ਤੇ ਨੂੰ ਕਹੀ ਉਹਦੀ ਗੱਲ ਉੱਤੇ ਫੇਰ ਤੋਂ ਵਿਚਾਰ ਕਰੋ: ''ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ'' (ਲੂਕਾ 1:38)। ਮਰੀਅਮ ਦੇ ਜਵਾਬ ਉੱਤੇ ਕੈਨ ਗਾਇਰ ਨੇ ਇਹ ਟਿੱਪਣੀਆਂ ਕੀਤੀਆਂ ਹਨ:

> ... ਉਹਦਾ ਫ਼ੈਸਲਾ ਫੌਰੀ ਸੀ ਅਤੇ ਉਸ ਦੀ ਪੂਰੀ ਆਗਿਆਕਾਰਿਤਾ। ਉਹ ਖ਼ੁਦਾ ਨੂੰ ਸਮਰਪਿਤ ਸੀ। ਭਾਵੇਂ ਕਿੰਨੇ ਵੀ ਸਵਾਲ ਖੜੇ ਹੋ ਜਾਂਦੇ ਜਾਂ ਤਿਓੜੀਆਂ ਪੈ ਜਾਂਦੀਆਂ। ਜੋ ਵੀ ਕੀਮਤ ਚੁਕਾਉਣੀ ਪੈਂਦੀ। ਜਾਂ ਜੋ ਵੀ ਨਤੀਜਾ ਹੁੰਦਾ। ਭਾਵੇਂ ਇਸ ਨਾਲ ਉਸ ਦਾ ਵੱਕਾਰ ਚਲਿਆ ਜਾਂਦਾ। ਜਾਂ ਉਹ ਆਦਮੀ ਹੀ, ਜਿਸ ਨਾਲ ਉਹ ਬੇਹੱਦ ਪਿਆਰ ਕਰਦੀ ਸੀ।
>
> ਭਾਵੇਂ ਉਸਦੀ ਆਪਣੀ ਜਾਨ ਚਲੀ ਜਾਂਦੀ।
>
> ... ਇਸ ਮੁਟਿਆਰ ਦੇ ਸਭ ਚੰਗੇ ਗੁਣਾਂ ਵਿੱਚੋਂ ਸ਼ਾਇਦ ''ਭਾਵੇਂ ਜੋ ਵੀ ਹੋ ਜਾਵੇ'' ਵਾਲੇ ਗੁਣ ਨੇ *[ਯਿਸੂ ਦੇ]* ਪਾਲਣ ਪੋਸ਼ਣ ਦੇ ਕੰਮ ਲਈ ਉਸ ਨੂੰ ਸਭ ਤੋਂ ਯੋਗ ਬਣਾ ਦਿੱਤਾ। ...[22]

*ਕੀ* ਤੁਸੀਂ ਆਪਣੇ ਪ੍ਰਭੂ ਦਾ ਹੁਕਮ ਮੰਨਣ ਨੂੰ ਤਿਆਰ ਹੋ[23] ਭਾਵੇਂ ਜੋ ਵੀ ਕੀਮਤ ਚੁਕਾਣੀ ਪਵੇ? ਭਾਵੇਂ ਜੋ ਵੀ ਨਤੀਜਾ ਹੋਵੇ? ਜੇ ਹਾਂ ਤਾਂ ਤੁਸੀਂ ਵੀ ਉਹ ਆਦਮੀ ਹੋਵੋਗੇ ਜੋ ਖ਼ੁਦਾ ਆਪਣੇ ਮਕਸਦ ਵਾਸਤੇ ਵਰਤ ਸਕਦਾ ਹੈ।

---

ਟਿੱਪਣੀਆਂ

[1]ਸਨੂਪੀ ਚਾਰਲੀ ਬ੍ਰਾਊਨ ਦੇ ਕੁੱਤੇ ਦਾ ਨਾਂਅ ਹੈ। ਕੌਮਿਕਾਂ ਵਿਚ ਕਈ ਵਾਰ ਕਾਰਟੂਨ ਜਾਨਵਰਾਂ ਨੂੰ ਆਪਣੇ ਵਿਚਾਰ ਸ਼ਬਦਾਂ ਵਿਚ ਪਰਗਟ ਕਰਦਿਆਂ ਵਿਖਾਇਆ ਜਾਂਦਾ ਹੈ। [2]ਯੂਸੁਫ਼ ਅਤੇ ਮਰੀਅਮ ਦਾ ਗ਼ਰੀਬ ਹੋਣਾ ਇਸ ਗੱਲ ਤੋਂ ਵੀ ਪਤਾ ਲਗਦਾ ਹੈ ਕਿ ਜਿਹੜੀ ਕੁਰਬਾਨੀ ਉਨ੍ਹਾਂ ਦਿੱਤੀ ਉਹ ਗਰੀਬ ਲੋਕਾਂ ਵਾਸਤੇ ਹੀ ਸੀ (ਲੂਕਾ 2:24 ਦੀ ਤੁਲਨਾ ਲੇਵੀਆਂ 12:6–8 ਨਾਲ ਕਰੋ)। ਜੇ. ਡਬਲਯੂ. ਮੈਕਗਰਵੇ ਸਹੀ ਸੀ ਜਦੋਂ ਉਸ ਨੇ ਲਿਖਿਆ, ''ਜੇ ਯੂਸੁਫ਼ ਅਤੇ ਮਰੀਅਮ ਵਿਚ ਲਗਾਤਾਰ ਅਤੇ ਕੀਮਤੀ ਕੁਰਬਾਨੀਆਂ ਦੇਣ ਦੀ ਕਾਬਲੀਅਤ

ਹੁੰਦੀ, ਤਾਂ ਬਾਲਕ ਦੀ ਮਹਾਨਤਾ ਜਾਣਨ ਦੇ ਬਾਅਦ ਉਹ ਐਨੀ ਛੋਟੀ ਕੁਰਬਾਨੀ ਨਾ ਦਿੰਦੇ'' (ਜੇ. ਡਬਲਯੂ. ਮੈਕਗਰਵੇ ਅਤੇ ਫ਼ਿਲਿੱਪ ਵਾਈ. ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਸ* [ਸਿਨਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914], 34)। ਯਿਸੂ ਦੀ ਜੀਵਨ ਸ਼ੈਲੀ (ਮੱਤੀ 8:20) ਤੋਂ ਵੀ ਹਲੀਮ ਸ਼ੁਰੂਆਤ ਦਾ ਪਤਾ ਲਗਦਾ ਹੈ। [3]''ਮਰੀਅਮ'' ਦਾ ਅਰਥ ਹੈ ''ਕੌੜਾ।'' ਰੂਥ 1:20 ਵਿਚ ਸ਼ਬਦ ਦੀ ਇਹੀ ਵਰਤਿਆ ਗਿਆ ਹੈ। ਪੁਰਾਣੇ ਨੇਮ ਵਿਚ ਮਰੀਅਮ ਇੱਕੋ ਵਾਰ ਮਿਲਦਾ ਹੈ (ਮੂਸਾ ਦੀ ਭੈਣ) ਪਰ ਨਵੇਂ ਨੇਮ ਵਿਚ ਕਈ ਮਰੀਅਮਾਂ ਹਨ। [4]ਬਾਈਬਲ ਦਾ ਇਹ ਹਵਾਲਾ ਜ਼ੋਰ ਦਿੰਦਾ ਹੈ ਕਿ ਮਸੀਹ ਦਾਊਦ ਦੀ ਸੰਤਾਨ ਸੀ (1:32, 69)। ਖ਼ੁਦਾ ਨੇ ਦਾਊਦ ਨੂੰ ਕਿਹਾ ਸੀ ਕਿ ਮਸੀਹਾ ''ਤੇਰੇ ਤੁਖ਼ਮ'' ਤੋਂ ਹੋਵੇਗਾ (2 ਸਮੂਏਲ 7:12)। ਮੂਲ ਵਿਚ ਖ਼ੁਦਾ ਨੇ ਕਿਹਾ ਕਿ ਮਸੀਹਾ ''ਦਾਊਦ ਦੀਆਂ ਆਂਦਰਾਂ ਵਿੱਚੋਂ ਨਿੱਕਲੇਗਾ'' (ਵੇਖੋ KJV)। NIV ਵਿਚ ਹੈ ''ਤੇਰੇ ਆਪਣੇ ਜਿਸਮ ਵਿੱਚੋਂ ਨਿੱਕਲੇਗਾ।'' ਯਿਸੂ ਯੂਸੁਫ਼ ਦੇ ਰਾਹੀਂ ਦਾਊਦ ਦੀ ਜਿਸਮਾਨੀ ਅੰਸ਼ ਵਿੱਚੋਂ ਨਹੀਂ ਸੀ, ਇਸ ਕਰਕੇ ਇਸ ਵਾਅਦੇ ਨੂੰ ਪੂਰਾ ਕਰਨ ਲਈ ਉਹਦਾ ਮਰੀਅਮ ਦੇ ਰਾਹੀਂ ਜਿਸਮਾਨੀ ਸੰਤਾਨ ਹੋਣਾ ਜ਼ਰੂਰੀ ਸੀ। [5]ਇਸ ਪਾਠ ਵਿਚ ਟਿੱਪਣੀ 2 ਉੱਤੇ ਵਿਚਾਰ ਕਰੋ। [6]ਆਮ ਤੌਰ ਤੇ ਮੁਟਿਆਰਾਂ ਆਪਣੇ ਸ਼ੁਰੂਆਤੀ ਨੌਜਵਾਨੀ ਦੀ ਉਮਰ ਵਿਚ ਹੁੰਦੀਆਂ ਸਨ। ਦੂਜੇ ਪਾਸੇ, ਯੂਸੁਫ਼ ਪੱਕੀ ਉਮਰ ਦਾ ਹੋ ਸਕਦਾ ਹੈ। ਯੂਸੁਫ਼ ਦਾ ਜ਼ਿਕਰ ਯਿਸੂ ਦੀ ਆਪਣੀ ਸੇਵਕਾਈ ਦੌਰਾਨ ਕਿਤੇ ਨਹੀਂ ਹੋਇਆ, ਜੋ ਇਸ ਸੰਭਾਵਨਾ ਦਾ ਸੰਕੇਤ ਹੈ ਕਿ ਯਿਸੂ ਦੇ ਤੀਹ ਸਾਲ ਦਾ ਹੋਣ ਤੋਂ ਪਹਿਲਾਂ ਉਹਦੀ ਮੌਤ ਹੋ ਚੁੱਕੀ ਸੀ। [7]ਸਪਤਤੀ ਪੁਰਾਣੇ ਨੇਮ ਦੇ ਯੂਨਾਨੀ ਅਨੁਵਾਦ ਨੂੰ ਕਿਹਾ ਜਾਂਦਾ ਹੈ। ਇਸ ਕਿਤਾਬ ਵਿਚ ਅੱਗੇ ''ਸੰਸਾਰ ਜਿਸ ਵਿਚ ਮਸੀਹ ਆਇਆ'' ਵਾਲਾ ਪਾਠ ਵੇਖੋ। [8]ਕਈ ਵਾਰ ਯੂਨਾਨੀ ਮਿਥਹਾਸ ਅਤੇ ਯਿਸੂ ਦੇ ਕੁਆਰੀ ਤੋਂ ਜਨਮ ਵਿਚ ਸਮਾਨਤਾ ਬਣਾਈ ਜਾਂਦੀ ਹੈ। ਮਨੁੱਖੀ ਜੀਵਾਂ ਨਾਲ ਯੂਨਾਨੀ ਦੇਵਤਿਆਂ ਦੇ ਜਿਸਮਾਨੀ ਰਿਸ਼ਤਿਆਂ ਦੇ ਉਜਾਡਪੁਣੇ ਵਾਲੇ ਵਿਰਤਾਂਤਾਂ ਨਾਲ ਫ਼ਰਿਸ਼ਤੇ ਦੇ ਸਭਿੱਅ ਸ਼ਬਦਾਂ ਦੀ ਖ਼ੂਬਸੂਰਤੀ ਨਾਲ ਨਹੀਂ ਮਿਲਾਇਆ ਜਾ ਸਕਦਾ। [9]KJV ਵਿਚ ''cousin'' ਹੈ ਜੋ ਇਕ ਮੰਨਿਆ ਹੋਇਆ ਅਨੁਵਾਦ ਹੈ; ਪਰ ਉਸ ਜ਼ਮਾਨੇ ਵਿਚ ''cousin'' (ਚਚੇਰਾ/ਮੌਸੇਰਾ ਜਾਂ ਭਰਾ ਅਤੇ ਭੈਣ) ਤੋਂ ਪਤਾ ਨਹੀਂ ਲਗਦਾ ਸੀ ਕਿ ਰਿਸ਼ਤਾ ਕਿੰਨਾ ਨਜ਼ਦੀਕੀ ਹੈ। ਮਰੀਅਮ ਅਤੇ ਇਲੀਸਬਤ ਹੋ ਸਕਦਾ ਹੈ ''ਰਿਸ਼ਤੇਦਾਰ ਦੀਆਂ ਰਿਸ਼ਤੇਦਾਰ'' ਜਾਂ ਅੱਗੇ ''ਉਨ੍ਹਾਂ ਦੀਆਂ ਰਿਸ਼ਤੇਦਾਰ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਦੀਆਂ ਰਿਸ਼ਤੇਦਾਰ'' ਹੋਣ। [10]ਯੂਨਾਨੀ ਬਾਈਬਲ ਵਿਚ ਮੂਲ ਵਿਚ ਹੈ ''ਕਿਉਂਕਿ ਖ਼ੁਦਾ ਵਾਸਤੇ ਕੋਈ ਗੱਲ ਨਾਮੁਮਕਿਨ ਨਹੀਂ ਹੈ।'' ਇਸ ਕਰਕੇ ASV ਵਿਚ ਇਸ ਆਇਤ ਦਾ ਅਨੁਵਾਦ ''ਕਿਉਂਕਿ ਖ਼ੁਦਾ ਦੀ ਕੋਈ ਗੱਲ ਨਕਾਰਾ ਨਹੀਂ ਹੁੰਦੀ'' ਹੈ।

[11]ਕੁਝ ਲੋਕਾਂ ਨੂੰ ਲਗਦਾ ਹੈ ਕਿ ਯੂਹੰਨਾ 8:41 ਦਾ ਸੰਕੇਤ ਹੈ ਕਿ ''ਅਸੀਂ ਤਾਂ ਵਿਭਚਾਰ ਦੀ ਸੰਤਾਨ ਨਹੀਂ ਹਾਂ *ਪਰ ਤੁਸੀਂ* ਹੋ। [12]ਲੇਵੀਆਂ 20:10; ਹਿਜ਼ਕੀਏਲ 16:38; ਯੂਹੰਨਾ 8:5 ਵੀ ਵੇਖੋ। [13]ਅਰਨਸਟ ਓ. ਹਾਉਜ਼ਰ, ''ਮੇਰੀ ਮਦਰ ਆਫ਼ ਕ੍ਰਾਈਸਟ,'' *ਰੀਡਰ'ਜ਼ ਡਾਇਜੈਸਟ* (ਦਿਸੰਬਰ, 1971): 170. [14]ਮੈਂ ਇਸ ਸੰਭਾਵਨਾ ਨੂੰ ਕੱਢ ਨਹੀਂ ਰਿਹਾ ਹਾਂ ਕਿ ਇਲੀਸਬਤ (1:41) ਅਤੇ ਜ਼ਕਰਯਾਹ ਵਾਂਗ (1:67) ਮਰੀਅਮ ''ਪਵਿੱਤਰ ਆਤਮਾ ਨਾਲ ਭਰ ਗਈ'' ਸੀ। ਮੇਰਾ ਮੰਨਣਾ ਹੈ ਕਿ ਮਰੀਅਮ ਦੀਆਂ ਗੱਲਾਂ ਤੋਂ ਵਚਨ ਦੇ ਉਸ ਦੇ ਨਿੱਜੀ ਗਿਆਨ ਦਾ ਸੰਕੇਤ ਮਿਲਦਾ ਹੈ। [15]ਮਰੀਅਮ ਦੇ ਘੱਟੋ ਘੱਟ ਚਾਰ ਹੋਰ ਬੇਟੇ ਅਤੇ ਦੋ ਬੇਟੀਆਂ ਸਨ। (ਯੂਸੁਫ਼ ਤੋਂ) ਮਰਕੁਸ 6:3. ਜੇ ਉਹਦੀਆਂ ਕੁੜੀਆਂ ਵੀ ਮੁੰਡਿਆਂ ਜਿੰਨੀਆਂ ਸਨ, ਤਾਂ ਉਹਦੇ *ਦਸ* ਬੱਚੇ ਸਨ। [16]ਜਿੱਥੇ *ਤੁਸੀਂ* ਰਹਿੰਦੇ ਹੋ ਉੱਥੇ ਸ਼ਕਤੀ ਅਤੇ ਲਚੀਲੇਪਨ ਦੀ ਧਾਰਣਾ ਦੱਸਣ ਵਾਲੇ ਇਜ਼ਹਾਰ ਦੀ ਵਰਤੋਂ ਕਰੋ। [17]ਇਹ ਤੱਥ ਕਿ ਯਿਸੂ ਨੇ ਆਪਣੀ ਮਾਤਾ ਦੀ ਦੇਖਭਾਲ ਲਈ ਉਸ ਨੂੰ ਯੂਹੰਨਾ ਦੇ ਸਪੁਰਦ ਕੀਤਾ (ਯੂਹੰਨਾ 19:26, 27)। ਇਹ ਵੀ ਸੰਕੇਤ ਦਿੰਦਾ ਹੈ ਕਿ ਯੂਸੁਫ਼ ਹੁਣ ਤਕ ਮਰ ਚੁੱਕਾ ਹੋਵੇਗਾ। [18]ਮੈਂ ''ਜ਼ਿਆਦਾਤਰ ਪਾਲਣ ਪੋਸ਼ਣ'' ਦੀ ਗੱਲ ਕਰ ਰਿਹਾ ਹਾਂ, ਨਾ ਕਿ ''ਪੂਰੇ ਦੀ,'' ਕਿਉਂਕਿ ਪਹਿਲੌਠਾ ਹੋਣ ਕਰਕੇ ਯਿਸੂ ਨੂੰ ਆਪਣੇ ਪਿਤਾ ਦੀ ਮੌਤ ਦੇ ਬਾਅਦ ਕੁਝ ਜ਼ਿੰਮੇਵਾਰੀ ਸੌਂਪੀ ਗਈ ਹੋਵੇਗੀ। ਤਾਂ ਵੀ ਜੀਉਂਦੇ ਮਾਪਿਆਂ ਦੇ ਰੂਪ ਵਿਚ ਮਰੀਅਮ ਦਾ ਬੋਝ ਕਾਫ਼ੀ ਹੋਵੇਗਾ। [19]ਮਰੀਅਮ ਅਤੇ ਯੂਸੁਫ਼ ਦੀ ਬਾਕੀ ਗੱਲਬਾਤ ਦੇ ਕੁਝ ਪਹਿਲੂਆਂ ਉੱਤੇ

ਕਿਤਾਬ ਵਿਚ ਅੱਗੇ ਚਰਚਾ ਕੀਤੀ ਗਈ ਹੈ। [20]ਅਸੀਂ ਪੱਕਾ ਨਹੀਂ ਕਹਿ ਸਕਦੇ ਕਿ ਆਇਤ 31 ਦਾ ਆਇਤ 20 ਨਾਲ ਕੋਈ ਸਬੰਧ ਹੈ, ਪਰ ਕਾਫ਼ੀ ਸੰਭਾਵਨਾ ਹੈ ਕਿ ਇਨ੍ਹਾਂ ਦਾ ਆਪਸ ਵਿਚ ਸਬੰਧ ਹੈ।

[21]ਲੇਖਕ ਅਗਿਆਤ। [22]ਕੈਨ ਗਾਇਰ, *ਮੋਮੈਂਟ ਵਿਦ ਦ ਸੇਵੀਅਰ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੋਂਡਰਵਨ ਪਬਲਿਸ਼ਿੰਗ ਹਾਊਸ, 1998), 26–27. [23]ਇਸ ਸਰਮਨ ਦੀ ਵਰਤੋਂ ਕਰਦਿਆਂ ਤੁਹਾਨੂੰ ਚਾਹੀਦਾ ਹੈ ਕਿ ਸੁਣਨ ਵਾਲਿਆਂ ਲਈ ਦੱਸੋ ਕਿ ਬਚਾਏ ਜਾਣ ਲਈ ਉਨ੍ਹਾਂ ਲਈ ਕੀ ਕਰਨਾ ਜ਼ਰੂਰੀ ਹੈ। ਜੇ ਉਹ ਮਸੀਹੀ ਨਹੀਂ ਹਨ ਤਾਂ ਉਨ੍ਹਾਂ ਨੂੰ ਤੌਬਾ, ਇਕਰਾਰ ਕਰਕੇ ਅਤੇ ਬਪਤਿਸਮੇ ਦੇ ਰਾਹੀਂ ਯਿਸੂ ਵਿਚ ਆਪਣਾ ਈਮਾਨ ਵਿਖਾਉਣਾ ਜ਼ਰੂਰੀ ਹੈ (ਰਸੂਲਾਂ ਦੇ ਕੰਮ 2:37, 38; 8:35–39; 22:16)। ਜੇ ਉਹ ਫਿਰ ਚੁੱਕੇ ਮਸੀਹੀ ਹਨ, ਤਾਂ ਉਨ੍ਹਾਂ ਨੂੰ ਤੌਬਾ ਕਰਕੇ, ਆਪਣੀ ਗਲਤੀ ਮੰਨ ਕੇ ਅਤੇ ਦੁਆ ਕਰਕੇ ਪ੍ਰਭੂ ਦੇ ਅਤੇ ਉਸ ਦੀ ਕਲੀਸੀਆ ਕੋਲ ਵਾਪਸ ਆ ਜਾਣਾ ਚਾਹੀਦਾ ਹੈ (ਰਸੂਲਾਂ ਦੇ ਕੰਮ 8:22; 1 ਯੂਹੰਨਾ 1:9; ਯਾਕੂਬ 5:16)।